



## ਬਾਗਬਾਨੀ ਵਿਭਾਗ

1. **ਵਿਭਾਗ ਸੰਬੰਧੀ ਜਾਣਕਾਰੀ ਤੇ ਮੁੱਖ ਕੰਮ**

ਬਾਗਬਾਨੀ ਵਿਭਾਗ ਪੰਜਾਬ ਬਾਗਬਾਨਾਂ ਦੀ ਸੇਵਾ ਵਿਚ ਬਾਗਬਾਨਾਂ ਨੂੰ ਨਵੇਂ ਬਾਗ ਲਗਾਉਣ ਲਈ ਯੋਜਨਾਬੰਦੀ, ਮਿੱਟੀ ਦੀ ਕਿਸਮ ਤੇ ਬਣਤਰ ਅਨੁਸਾਰ ਢੁਕਵੇਂ ਫਲ ਦੀ ਕਾਸ਼ਤ ਦੀ ਸਿਫਾਰਸ਼ ਕਰਨ, ਚੰਗੀ ਨਸਲ ਤੇ ਬਿਮਾਰੀ ਰਹਿਤ ਬੂਟਿਆਂ ਦਾ ਪ੍ਰਬੰਧ ਕਰਕੇ ਦੇਣ, ਨਿਸ਼ਾਨਦੇਹੀ ਕਰਵਾਉਣਾ, ਫਲਦਾਰ ਬੂਟਿਆਂ ਦੀ ਸੁਚੱਜੀ ਦੇਖਭਾਲ, ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਸਹੀ ਵਰਤੋਂ, ਸੁਚੱਜੇ ਮੰਡੀਕਰਨ ਲਈ ਧਿਆਨ ਦੇਣ ਯੋਗ ਨੁਕਤੇ ਬਾਗਬਾਨਾਂ ਤੱਕ ਪਹੁੰਚਾ ਕੇ ਉਨ੍ਹਾਂ ਦੇ ਬਾਗਾਂ ਦੇ ਫੱਲ ਦੀ ਕੁਆਲਿਟੀ ਤੇ ਉਤਪਾਦਕਤਾ ਵਧਾਉਣ ਲਈ ਸਹਾਇਤਾ ਦਿੰਦਾ ਹੈ। ਇਸ ਤੋਂ ਇਲਾਵਾ ਸਬਜ਼ੀਆਂ ਦੀ ਕਾਸ਼ਤ, ਖੁੰਬਾਂ ਦੀ ਕਾਸ਼ਤ, ਫੁੱਲਾਂ ਦੀ ਕਾਸ਼ਤ, ਫਲਾਂ ਤੇ ਸਬਜ਼ੀਆਂ ਦੀ ਸਾਂਭ ਸੰਭਾਲ ਸਬੰਧੀ ਜਾਣਕਾਰੀ ਦੇਣਾ ਵਿਭਾਗ ਦੇ ਮੁੱਖ ਕੰਮਾਂ ਵਿਚ ਸ਼ਾਮਲ ਹੈ।

2. **ਵਿਭਾਗ ਦੀ ਬਣਤਰ**

ਇਸ ਵਿਭਾਗ ਦੇ ਜ਼ਿਲ੍ਹਾ ਮੁਖੀ ਡਿਪਟੀ ਡਾਇਰੈਕਟਰ, ਬਾਗਬਾਨੀ ਹਨ ਜਿਨ੍ਹਾਂ ਦਾ ਦਫ਼ਤਰ ਸਰਕਾਰੀ ਬਾਗ ਅਤੇ ਨਰਸਰੀ, ਛਾਉਣੀ ਕਲਾਂ, ਨੇੜੇ ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਇਸ ਦਫ਼ਤਰ ਵਿਚ ਹੀ ਬਲਾਕ ਹੁਸ਼ਿਆਰਪੁਰ-1 ਅਤੇ ਹੁਸ਼ਿਆਰਪੁਰ-2 ਦੇ ਬਾਗਬਾਨੀ ਵਿਕਾਸ ਅਫ਼ਸਰ, ਇੰਚਾਰਜ ਸਰਕਾਰੀ ਬਾਗ ਅਤੇ ਨਰਸਰੀ ਛਾਉਣੀ ਕਲਾਂ, ਇੰਚਾਰਜ ਸਰਕਾਰੀ ਖੁੰਬ ਸਪਾਨ ਤੇ ਕੰਪੋਸਟ ਯੂਨਿਟ, ਇੰਚਾਰਜ ਸਰਕਾਰੀ ਫੱਲ ਸੁਰੱਖਿਆ ਲੈਬੋਰੇਟਰੀ ਬੈਠਦੇ ਹਨ। ਜ਼ਿਲ੍ਹੇ ਵਿਚ ਮੁੱਖ ਦਫ਼ਤਰ ਤੋਂ ਇਲਾਵਾ ਹਰਿਆਣਾ, ਭੂੰਗਾ, ਟਾਂਡਾ, ਦਸੂਹਾ, ਮੁਕੇਰੀਆਂ, ਤਲਵਾੜਾ, ਮਾਹਿਲਪੁਰ, ਗੜ੍ਹਸ਼ੰਕਰ ਅਤੇ ਬੀਨੇਵਾਲ ਵਿਖੇ ਪਸਾਰ ਦਫ਼ਤਰ ਹਨ। ਜਿਥੇ ਤਾਇਨਾਤ ਬਾਗਬਾਨੀ ਵਿਕਾਸ ਅਫ਼ਸਰ ਆਪਣੇ ਅਧੀਨ ਸਟਾਫ ਸਹਿਤ ਸਮੇਂ-ਸਮੇਂ ਸਿਰ ਕਿਸਾਨਾਂ ਦੀਆਂ ਬਾਗਬਾਨੀ ਨਾਲ ਸਬੰਧਤ ਸਮੱਸਿਆਵਾਂ ਹੱਲ ਕਰਨ ਵਿਚ ਸਹਾਇਤਾ ਕਰਦੇ ਹਨ।

3. **ਸਰਕਾਰੀ ਬਾਗ ਅਤੇ ਨਰਸਰੀਆਂ**

ਬਾਗਬਾਨੀ ਵਿਭਾਗ ਦੀਆਂ 3 ਨਰਸਰੀਆਂ ਭੂੰਗਾ, ਖਿਆਲਾ ਬੁਲੰਦਾ ਅਤੇ ਛਾਉਣੀ ਕਲਾਂ ਬਾਗਬਾਨਾਂ ਨੂੰ ਚੰਗੀ ਕਿਸਮ ਦੇ ਸਿਹਤਮੰਦ ਤੇ ਰੋਗ ਰਹਿਤ ਫੱਲਦਾਰ ਬੂਟੇ ਸਪਲਾਈ ਕਰਦੀਆਂ ਹਨ। ਇਸ ਤੋਂ ਇਲਾਵਾ ਜ਼ਿਲ੍ਹੇ ਵਿਚ ਬਾਗਬਾਨੀ ਵਿਭਾਗ ਵਲੋਂ ਮਾਨਤਾ ਪ੍ਰਾਪਤ ਸੱਤ ਪ੍ਰਾਈਵੇਟ ਨਰਸਰੀਆਂ ਰਾਹੀਂ ਵੀ ਬਾਗਬਾਨਾਂ ਨੂੰ ਸਿਹਤਮੰਦ ਤੇ ਰੋਗ ਰਹਿਤ ਫੱਲਦਾਰ ਬੂਟੇ ਵਾਜਬ ਕੀਮਤ ਤੇ ਸਪਲਾਈ ਕੀਤੇ ਜਾਂਦੇ ਹਨ।

4. **ਸਰਕਾਰੀ ਸਬਜ਼ੀ ਬੀਜ ਤੇ ਆਲੂ ਬੀਜ ਫਾਰਮ**

ਸਰਕਾਰੀ ਆਲੂ ਬੀਜ ਫਾਰਮ ਖਨੌੜਾ ਤੋਂ ਆਲੂ ਤੇ ਹੋਰ ਸਬਜ਼ੀਆਂ ਜਿਵੇਂ ਕਿ ਮਟਰ, ਖਰਬੂਜਾ, ਟੀਂਡਾ, ਭਿੰਡੀ ਆਦਿ ਦੇ ਸੁਧਰੇ ਤੇ ਰੋਗ ਰਹਿਤ ਬੀਜ ਜ਼ਿਮੀਂਦਾਰਾਂ ਨੂੰ ਵਾਜਬ ਕੀਮਤ ਤੇ ਸਪਲਾਈ ਕੀਤੇ ਜਾਂਦੇ ਹਨ। ਮਟਰਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਚੱਬੇਵਾਲ ਵਿਖੇ ਮਟਰ ਅਸਟੇਟ ਬਣਾ ਕੇ ਜ਼ਿਮੀਂਦਾਰਾਂ ਨੂੰ ਮਟਰਾਂ ਤੋਂ ਵਧੀਆ ਪੈਦਾਵਾਰ ਲੈਣ ਲਈ ਨੁਕਤੇ ਲਾਗੂ ਕਰਵਾਏ ਜਾ ਰਹੇ ਹਨ।

5. **ਸਰਕਾਰੀ ਫੱਲ ਸੁਰੱਖਿਆ ਲੈਬੋਰੇਟਰੀ**

ਸਰਕਾਰੀ ਫੱਲ ਸੁਰੱਖਿਆ ਲੈਬੋਰੇਟਰੀ ਛਾਉਣੀ ਕਲਾਂ ਤੋਂ ਲਗਭਗ ਹਰ ਸਾਲ 20000 ਬੋਤਲਾਂ ਸੁਕੈਸ਼, ਜੈਮ, ਟਮਾਟਰ ਸਾਸ ਆਦਿ ਤਿਆਰ ਕਰਕੇ ਨਾ ਲਾਭ ਨਾ ਹਾਨੀ ਅਨੁਸਾਰ ਜ਼ਿਮੀਂਦਾਰਾਂ ਤੇ ਆਮ ਲੋਕਾਂ ਨੂੰ ਸਪਲਾਈ

ਕੀਤੀਆਂ ਜਾਂਦੀਆਂ ਹਨ। ਜ਼ਿਮੀਦਾਰ ਅਤੇ ਆਮ ਲੋਕ ਫਲਾਂ ਤੇ ਸਬਜ਼ੀਆਂ ਤੋਂ ਫੱਲ ਪਦਾਰਥ ਬਣਾਉਣ ਲਈ ਆਪਣੇ ਕੋਲੋਂ ਸਮਾਨ ਲਿਆ ਕੇ ਵਾਜਬ ਕੀਮਤ ਦੇ ਕੇ ਤਿਆਰ ਕਰਵਾ ਕੇ ਲਾਭ ਉਠਾ ਸਕਦੇ ਹਨ। ਇਸ ਤੋਂ ਇਲਾਵਾ ਪੇਂਡੂ ਕੈਂਪਾਂ, ਸਕੂਲਾਂ ਆਦਿ ਵਿਚ ਫਲਾਂ ਤੇ ਸਬਜ਼ੀਆਂ ਤੋਂ ਫਲ ਪਦਾਰਥ ਬਣਾਉਣ ਸਬੰਧੀ ਮੁਫਤ ਟਰੇਨਿੰਗ ਦਿੱਤੀ ਜਾਂਦੀ ਹੈ।

**6. ਸਰਕਾਰੀ ਖੁੰਬ ਬੀਜ ਤੇ ਕੰਪੋਸਟ ਯੂਨਿਟ**

ਜ਼ਿਲ੍ਹੇ ਵਿਚ ਇਕ ਮਸ਼ਰੂਮ ਸਪਾਨ ਲੈਬੋਰੇਟਰੀ ਤੇ ਆਪਣੀ ਕਿਸਮ ਦਾ ਪਹਿਲਾ ਪਾਸਚਰਾਈਡ ਮਸ਼ਰੂਮ ਕੰਪੋਸਟ ਯੂਨਿਟ ਛਾਉਣੀ ਕਲਾਂ ਵਿਖੇ ਸਥਿਤ ਹੈ। ਜਿੱਥੋਂ ਖੁੰਬਾਂ ਦੀ ਵਾਇਟ ਬਟਨ ਅਤੇ ਢੀਂਗਰੀ ਕਿਸਮਾਂ ਦਾ ਸਪਾਨ ਜ਼ਿਲ੍ਹਾ ਹੁਸ਼ਿਆਰਪੁਰ, ਗੁਰਦਾਸਪੁਰ ਤੇ ਰੋਪੜ ਨੂੰ ਸਪਲਾਈ ਕੀਤਾ ਜਾਂਦਾ ਹੈ। ਇਸ ਕੰਪੋਸਟ ਯੂਨਿਟ ਤੋਂ ਪਾਸਚਰਾਈਜ਼ਡ ਸਪਾਨਡ ਮਸ਼ਰੂਮ ਕੰਪੋਸਟ ਨਾ ਲਾਭ ਨਾ ਹਾਨੀ ਤਹਿਤ ਸਪਲਾਈ ਕੀਤਾ ਜਾਂਦਾ ਹੈ। ਵਿਭਾਗ ਵਲੋਂ ਖੁੰਬਾਂ ਦੀ ਕਾਸ਼ਤ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਅਤੇ ਬੈਂਕਾਂ ਤੋਂ ਕਰਜ਼ਾ ਦਿਵਾਉਣ ਵਿਚ ਵੀ ਸਹਾਇਤਾ ਕੀਤੀ ਜਾਂਦੀ ਹੈ।

**7. ਕੁਆਲਟੀ ਉਤਪਾਦਕਤਾ ਅਤੇ ਮੰਡੀਕਰਨ ਵਿਚ ਸਹਾਇਤਾ**

ਫਲਾਂ ਵਿਚ ਮੁਖ ਤੌਰ ਤੇ ਕਿੰਨੂ ਦੀ ਖੇਤੀ ਨੂੰ ਉਤਸਾਹਿਤ ਕਰਨ ਲਈ ਜ਼ਿਲ੍ਹੇ ਵਿਚ ਦੋ ਸਿਟਰਸ ਅਸਟੇਟਾਂ ਬਜਵਾੜਾ ਅਤੇ ਹਰਿਆਣਾ ਬਣਾਈਆਂ ਗਈਆਂ ਹਨ। ਇਹਨਾਂ ਅਸਟੇਟਾਂ ਵਿਚ ਮਕੈਨੀਕਲ ਗਰੇਡਿੰਗ ਤੇ ਵੈਕਸਿੰਗ ਕੇਂਦਰ ਛਾਉਣੀ ਕਲਾਂ ਤੇ ਕੰਗਮਾਈ ਵਿਚ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਵਲੋਂ ਸਥਾਪਿਤ ਕੀਤੇ ਗਏ ਹਨ। ਇਹਨਾਂ ਕੇਂਦਰਾਂ ਤੇ ਬਾਗਬਾਨ ਆਪਣੇ ਫੱਲ ਦੀ ਗਰੇਡਿੰਗ ਤੇ ਵੈਕਸਿੰਗ ਕਰਵਾ ਕੇ ਸੁਚੱਜੀ ਪੈਕਿੰਗ ਕਰਕੇ ਦੂਰ ਦਰਾਡੇ ਦੀਆਂ ਮੰਡੀਆਂ ਵਿਚ ਲਾਹੇਵੰਦ ਰੇਟਾਂ ਤੇ ਵੇਚ ਕੇ ਵਧੇਰੇ ਮੁਨਾਫਾ ਕਮਾ ਸਕਦੇ ਹਨ। ਇਸ ਮੰਤਵ ਲਈ ਪੰਜਾਬ ਐਗਰੋ ਐਕਸਪੋਰਟ ਕਾਰਪੋਰੇਸ਼ਨ ਵਲੋਂ ਗਰੇਡਿੰਗ, ਵੈਕਸਿੰਗ, ਪੈਕਿੰਗ ਮਟੀਰੀਅਲ ਅਤੇ ਟਰਾਂਸਪੋਰਟੇਸ਼ਨ ਤੇ ਸਬਸਿਡੀ ਦਿੱਤੀ ਜਾਂਦੀ ਹੈ। ਇਹਨਾਂ ਅਸਟੇਟਾਂ ਵਿਚ ਹੋਰ ਸੁਧਰੇ ਬਾਗਬਾਨੀ ਸੰਦ ਜਿਵੇਂ ਕਿ ਮਾਡਰਨ ਸਪਰੇਅਰ ਹਾਈਡਰੋਲਿਕ ਪਰੂਨਰ ਅਤੇ ਹੋਰ ਸੰਦ ਬਾਗਬਾਨ ਆਪਣੀ ਵਰਤੋਂ ਲਈ ਨਿਰਧਾਰਤ ਕਿਰਾਏ ਤੇ ਪ੍ਰਾਪਤ ਕਰਕੇ ਲਾਭ ਉਠਾ ਸਕਦੇ ਹਨ।

**8. ਹੋਰ ਸੇਵਾਵਾਂ**

(ੳ) ਸੰਸਥਾਵੀਂ ਕਰਜ਼ੇ:- ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਬਾਗ ਲਗਾਉਣ, ਖੁੰਬਾਂ ਦੀ ਕਾਸ਼ਤ ਅਤੇ ਫੁੱਲਾਂ ਦੀ ਖੇਤੀ ਕਰਨ ਲਈ ਬੈਂਕਾਂ ਤੋਂ ਸੰਸਥਾਵੀਂ ਕਰਜ਼ਿਆਂ ਦਾ ਪ੍ਰਬੰਧ ਵੀ ਕਰਵਾ ਕੇ ਦਿੱਤਾ ਜਾਂਦਾ ਹੈ।

(ਅ) ਖੁੰਬਾਂ ਦੀ ਕਾਸ਼ਤ:- ਆਮ ਲੋਕਾਂ ਨੂੰ ਸੰਤੁਲਿਤ ਭੋਜਨ ਮੁਹੱਈਆ ਕਰਵਾਉਣ ਦੇ ਟੀਚੇ ਨਾਲ ਵਿਭਾਗ ਖੁੰਬਾਂ ਅਤੇ ਢੀਂਗਰੀ ਦੀ ਕਾਸ਼ਤ ਲਈ ਤਕਨੀਕੀ ਜਾਣਕਾਰੀ ਦਿੰਦਾ ਹੈ ਅਤੇ ਬੀਜ ਦਾ ਪ੍ਰਬੰਧ ਕਰਕੇ ਦਿੰਦਾ ਹੈ। ਪੰਜਾਬ ਦੇ ਮੌਸਮ ਦੇ ਲਿਹਾਜ਼ ਨਾਲ ਖੁੰਬਾਂ ਦੀ ਬਿਜਾਈ ਦਾ ਮਹੀਨਾ ਸਤੰਬਰ ਤੋਂ ਜਨਵਰੀ ਤੱਕ ਅਤੇ ਢੀਂਗਰੀ ਦੀ ਬਿਜਾਈ ਅਕਤੂਬਰ ਤੋਂ ਜਨਵਰੀ ਤੱਕ ਕੀਤੀ ਜਾ ਸਕਦੀ ਹੈ। ਇਹਨਾਂ ਦੀ ਕਾਸ਼ਤ ਕਰਨ ਲਈ ਬੀਜ ਦਾ ਅਗਾਊਂ ਪ੍ਰਬੰਧ ਕਰਨਾ ਚਾਹੀਦਾ ਹੈ।

(ੲ) ਫੁੱਲਾਂ ਦੀ ਖੇਤੀ:- ਫੁੱਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਇਹਨਾਂ ਦੀ ਕਾਸ਼ਤ ਲਈ ਤਕਨੀਕੀ ਜਾਣਕਾਰੀ ਅਤੇ ਬੀਜ ਦਾ ਪ੍ਰਬੰਧ ਵੀ ਕਰਦਾ ਹੈ।

(ਸ) ਸਿਖਲਾਈ ਕੈਂਪ:- ਕਿਸਾਨਾਂ ਨੂੰ ਬਾਗਬਾਨੀ ਫਸਲਾਂ ਸਬੰਧੀ ਜਾਣਕਾਰੀ ਦੇਣ ਲਈ ਅਤੇ ਇਹਨਾਂ ਫਸਲਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਰ ਸਾਲ ਜ਼ਿਲ੍ਹਾ ਪੱਧਰ ਅਤੇ ਪਿੰਡ ਪੱਧਰ ਤੇ ਸਿਖਲਾਈ ਕੈਂਪ ਲਾਏ ਜਾਂਦੇ ਹਨ।

**9. ਸਕੀਮਾਂ**

(ੳ) ਰਾਜ ਸਰਕਾਰ:- ਸਬਸਿਡੀ ਹੋਣ ਤੇ ਫੱਲ, ਫੁੱਲ ਤੇ ਸਬਜ਼ੀ ਦੀ ਕਾਸ਼ਤ ਵਾਲੇ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਇਹਨਾਂ ਦੀ ਸਾਂਭ ਸੰਭਾਲ ਲਈ ਕੰਡੇਦਾਰ ਤਾਰ ਅਤੇ ਸਪਰੇ ਪੰਪ 50% ਸਬਸਿਡੀ ਤੇ ਸਪਲਾਈ ਕੀਤੇ ਜਾਂਦੇ ਹਨ।

(ਅ) ਕੇਂਦਰ ਸਰਕਾਰ:- ਖੇਤੀ ਵਿਚ ਪਲਾਸਟਿਕ ਦੀ ਵਰਤੋਂ ਨਾਲ ਫਲਾਂ ਦੀ ਤੇ ਸਬਜ਼ੀਆਂ ਦੇ ਰੱਖ ਰਖਾਵ ਅਤੇ ਪੈਦਾਵਾਰ ਲਈ ਪੋਲੀਗਰੀਨ ਹਾਊਸ, ਸ਼ੈੱਡ ਹਾਊਸ, ਲੋ ਟੱਨਲਿੰਗ ਅਤੇ ਪਲਾਸਟਿਕ ਕਰੇਟਾਂ ਤੇ 50% ਸਬਸਿਡੀ ਦਿੱਤੀ ਜਾਂਦੀ ਹੈ।